ਮਿੱਠੇ ਬੱਚੇ:- "ਮਿੱਠੇ ਬੱਚੇ ਬਾਪ ਨੇ ਤੁਹਾਨੂੰ ਸੰਗਮ ਤੇ ਜੋ ਯਾਦਾਂ ਦਵਾਈਆਂ ਹਨ, ਉਨ੍ਹਾਂ ਦਾ ਸਿਮਰਨ ਕਰੋ ਤਾਂ ਸਦਾ ਖੁਸ਼ ਰਹੋਗੇ"

ਪ੍ਰਸ਼ਨ:- ਸਦਾ ਹਲਕਾ ਰਹਿਣ ਦਾ ਤਰੀਕਾ ਕੀ ਹੈ? ਕਿਸ ਸਾਧਨ ਨੂੰ ਅਪਣਾਓ ਤਾਂ ਖੁਸ਼ੀ ਵਿੱਚ ਰਹਿ ਸਕੋਗੇ?

ਉੱਤਰ:- ਸਦਾ ਹਲਕਾ ਰਹਿਣ ਦੇ ਲਈ ਇਸ ਜਨਮ ਵਿੱਚ ਜੋ - ਜੋ ਪਾਪ ਹੋਏ ਹਨ, ਉਹ ਸਭ ਅਵਿਨਾਸ਼ੀ ਸਰਜਨ ਦੇ ਅੱਗੇ ਰੱਖੋ। ਬਾਕੀ ਜਨਮ ਜਨਮਾਂਤ੍ਰ ਦੇ ਪਾਪ ਜੋ ਸਿਰ ਤੇ ਹਨ ਉਸ ਦੇ ਲਈ ਯਾਦ ਦੀ ਯਾਤਰਾ ਵਿੱਚ ਰਹੋ। ਯਾਦ ਨਾਲ ਹੀ ਪਾਪ ਕੱਟਣਗੇ ਫੇਰ ਖੁਸ਼ੀ ਰਹੇਗੀ। ਬਾਪ ਦੀ ਯਾਦ ਨਾਲ ਆਤਮਾ ਸਤੋਪ੍ਰਧਾਨ ਬਣ ਜਾਵੇਗੀ।

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਸਮਝਾਉਂਦੇ ਹਨ - ਤੁਹਾਨੂੰ ਯਾਦ ਆਈ ਹੈ ਕਿ ਅਸੀਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੇ ਸੀ, ਅਸੀਂ ਰਾਜ ਕਰਦੇ ਸੀ, ਅਸੀਂ ਬਰੋਬਰ ਵਿਸ਼ਵ ਦੇ ਮਾਲਿਕ ਸੀ। ਉਸ ਵਕ਼ਤ ਦੂਜਾ ਕੋਈ ਧਰਮ ਨਹੀਂ ਸੀ। ਅਸੀਂ ਹੀ ਸਤਿਯੁਗ ਤੋਂ ਲੈਕੇ ਜਨਮ ਲੈਂਦੇ 84 ਦਾ ਚੱਕਰ ਪੂਰਾ ਕੀਤਾ। ਸਾਰੇ ਝਾੜ ਦੀ ਯਾਦ ਆਈ ਹੈ। ਅਸੀਂ ਦੇਵਤਾ ਸੀ ਫੇਰ ਰਾਵਣ ਰਾਜ ਵਿੱਚ ਆ ਗਏ ਤਾਂ ਦੇਵੀ - ਦੇਵਤਾ ਕਹਾਉਣ ਦੇ ਲਾਇਕ ਨਹੀਂ ਰਹੇ ਇਸ ਲਈ ਧਰਮ ਹੀ ਦੂਸਰਾ ਸਮਝ ਲਿਆ। ਹੋਰ ਕਿਸੇ ਦਾ ਵੀ ਧਰਮ ਬਦਲਦਾ ਨਹੀਂ ਹੈ। ਜਿਵੇਂ ਕ੍ਰਾਇਸਟ ਦਾ ਕ੍ਰਿਸ਼ਚਨ ਧਰਮ, ਬੁੱਧ ਦਾ ਬੋਧ ਧਰਮ ਹੀ ਚਲਿਆ ਆਉਂਦਾ ਹੈ। ਸਭ ਦੀ ਬੁੱਧੀ ਵਿੱਚ ਹੈ ਬੁੱਧ ਨੇ ਫਲਾਣੇ ਸਮੇਂ ਤੇ ਧਰਮ ਸਥਾਪਨ ਕੀਤਾ। ਹਿੰਦੂਆਂ ਨੂੰ ਆਪਣੇ ਧਰਮ ਦਾ ਪਤਾ ਹੀ ਨਹੀਂ ਹੈ ਕਿ ਸਾਡਾ ਦੂਸਰਾ ਧਰਮ ਕਦੋਂ ਤੋਂ ਸ਼ੁਰੂ ਹੋਇਆ, ਕਿਸਨੇ ਬਣਾਇਆ? ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਸਾਰੇ ਸ੍ਰਿਸ਼ਟੀ ਚੱਕਰ ਦੀ ਨਾਲੇਜ਼ ਤੁਹਾਨੂੰ ਬੱਚਿਆਂ ਨੂੰ ਹੀ ਹੈ, ਇਸ ਨੂੰ ਕਹਿੰਦੇ ਹਨ ਗਿਆਨ - ਵਿਗਿਆਨ। ਉਨ੍ਹਾਂਨੇ ਵਿਗਿਆਨ ਭਵਨ ਨਾਮ ਭਾਵੇਂ ਰੱਖਿਆ ਹੈ ਪਰੰਤੂ ਬਾਪ ਉਸਦਾ ਅਰਥ ਸਮਝਾਉਂਦੇ ਹਨ - ਗਿਆਨ ਅਤੇ ਯੋਗ, ਰਚਤਾ ਅਤੇ ਰਚਨਾ ਦਾ ਆਦਿ - ਮੱਧ - ਅੰਤ ਦਾ ਗਿਆਨ, ਹੁਣ ਤੁਸੀਂ ਸਮਝਦੇ ਹੋ ਕਿ ਅਸੀਂ ਵੀ ਨਹੀਂ ਜਾਣਦੇ ਸੀ, ਨਾਸਤਿਕ ਸੀ। ਸਤਿਯੁਗ ਵਿੱਚ ਤਾਂ ਇਹ ਗਿਆਨ ਹੋ ਨਹੀਂ ਸਕਦਾ। ਹੁਣ ਤੁਹਾਨੂੰ ਟੀਚਰ ਨੇ ਪੜ੍ਹਾਇਆ ਹੈ। ਪੜ੍ਹਕੇ ਤੁਹਾਨੂੰ ਰਾਜਭਾਗ ਮਿਲਦਾ ਹੈ ਕਿਉਂਕਿ ਤੁਹਾਨੂੰ ਰਹਿਣ ਦੇ ਲਈ ਨਵੀਂ ਦੁਨੀਆਂ ਚਾਹੀਦੀ ਹੈ। ਇਸ ਪੁਰਾਣੀ ਸ੍ਰਿਸ਼ਟੀ ਵਿੱਚ ਤਾਂ ਪਵਿੱਤਰ ਦੇਵੀ - ਦੇਵਤੇ ਪੈਰ ਰੱਖ ਨਹੀਂ ਸਕਦੇ। ਬਾਪ ਆਕੇ ਤੁਹਾਡੇ ਲਈ ਪੁਰਾਣੀ ਦੁਨੀਆਂ ਦਾ ਵਿਨਾਸ਼ ਕਰ ਨਵੀਂ ਦੁਨੀਆਂ ਸਥਾਪਨ ਕਰਦੇ ਹਨ। ਸਾਡੇ ਲਈ ਵਿਨਾਸ਼ ਜ਼ਰੂਰ ਹੋਣਾ ਹੈ। ਕਲਪ - ਕਲਪਾਂਤਰ ਅਸੀਂ ਇਹ ਪਾਰਟ ਵਜਾਉਂਦੇ ਹਾਂ। ਬਾਬਾ ਪੁੱਛਦੇ ਹਨ ਪਹਿਲਾਂ ਕਦੋਂ ਮਿਲੇ ਹੋ? ਤਾਂ ਕਹਿੰਦੇ ਹਨ - ਬਾਬਾ, ਹਰ ਕਲਪ ਮਿਲਦੇ ਹਾਂ, ਤੁਹਾਡੇ ਤੋਂ ਰਾਜਭਾਗ ਲੈਣ ਲਈ। ਕਲਪ ਪਹਿਲਾਂ ਵੀ ਬੇਹੱਦ ਸੁੱਖ ਦਾ ਰਾਜਭਾਗ ਮਿਲਿਆ ਸੀ। ਇਹ ਸਭ ਗੱਲਾਂ ਜੋ ਸਮ੍ਰਿਤੀ ਵਿੱਚ ਆਈਆਂ ਹਨ, ਹੁਣ ਉਨ੍ਹਾਂ ਦਾ ਸਿਮਰਨ ਹੋਣਾ ਚਾਹੀਦਾ ਹੈ, ਜਿਸ ਨੂੰ ਬਾਬਾ ਸਵਦਰਸ਼ਨ ਚੱਕਰ ਕਹਿੰਦੇ ਹਨ। ਅਸੀਂ ਪਹਿਲਾਂ ਸਤੋਪ੍ਰਧਾਨ ਸੀ। ਇਹ ਵੀ ਤੁਹਾਨੂੰ ਸਮ੍ਰਿਤੀ ਆਈ ਕਿ ਹਰੇਕ ਆਤਮਾ ਨੂੰ ਆਪਣਾ - ਆਪਣਾ ਪਾਰ੍ਟ ਮਿਲਿਆ ਹੋਇਆ ਹੈ। ਅਸੀਂ ਆਤਮਾ ਛੋਟੀ ਅਵਿਨਾਸ਼ੀ ਹਾਂ, ਉਨ੍ਹਾਂ ਵਿੱਚ ਪਾਰ੍ਟ ਵੀ ਅਵਿਨਾਸ਼ੀ ਹੈ ਜੋ ਚਲਦਾ ਹੀ ਰਹੇਗਾ। ਇਹ ਬਣੀ ਬਣਾਈ ਬਣ ਰਹੀ ਹੈ... ਇਸ ਵਿੱਚ ਨਵੀਂ ਗੱਲ ਕੋਈ ਐਡ ਜਾਂ ਕੱਟ ਨਹੀਂ ਹੋ ਸਕਦੀ ਹੈ। ਕੋਈ ਵੀ ਮੋਕਸ਼ ਨੂੰ ਨਹੀਂ ਪਾ ਸਕਦੇ। ਕੋਈ ਮੁਕਤੀ ਮੰਗਦੇ ਹਨ, ਮੁਕਤੀ ਵੱਖ ਹੈ, ਮੋਕਸ਼ ਵੱਖ ਹੈ। ਇਹ ਵੀ ਸਮ੍ਰਿਤੀ ਵਿੱਚ ਰੱਖਣਾ ਹੈ। ਸਮ੍ਰਿਤੀ ਵਿੱਚ ਹੋਵੇਗਾ ਤਾਂ ਹੋਰਾਂ ਨੂੰ ਵੀ ਸਮ੍ਰਿਤੀ ਦਵਾਉਣਗੇ। ਤੁਹਾਡਾ ਧੰਧਾ ਹੀ ਇਹ ਹੈ। ਬਾਪ ਨੇ ਜੋ ਸਮ੍ਰਿਤੀ ਵਿੱਚ ਲਿਆਉਂਦਾ ਹੈ, ਉਹ ਫੇਰ ਹੋਰਾਂ ਨੂੰ ਵੀ ਸਮ੍ਰਿਤੀ ਦਵਾਓ ਤਾਂ ਉੱਚ ਪਦਵੀ ਪਾ ਸਕੋਗੇ। ਉੱਚ ਪਦਵੀ ਪਾਉਣ ਦੇ ਲਈ ਬਹੁਤ ਮਿਹਨਤ ਕਰਨੀ ਹੈ। ਮੁੱਖ ਮਿਹਨਤ ਹੈ ਯੋਗ ਦੀ। ਇਹ ਹੈ ਯਾਦ ਦੀ ਯਾਤਰਾ, ਜੋ ਬਾਪ ਦੇ ਸਿਵਾਏ ਹੋਰ ਕੋਈ ਸਿਖਾ ਨਹੀਂ ਸਕਦਾ। ਹੁਣ ਤੁਸੀਂ ਮਨੁੱਖ ਤੋਂ ਦੇਵਤਾ ਬਣਨ ਦੀ ਪੜ੍ਹਾਈ ਪੜ੍ਹਦੇ ਹੋ। ਤੁਸੀਂ ਜਾਣਦੇ ਹੋ ਕਿ ਅਸੀਂ ਫੇਰ ਨਵੀਂ ਦੁਨੀਆਂ ਵਿੱਚ ਜਾਵਾਂਗੇ। ਉਸਦਾ ਨਾਮ ਹੀ ਹੈ ਅਮਰਲੋਕ। ਇਹ ਹੈ ਮ੍ਰਿਤੂਲੋਕ। ਇੱਥੇ ਤਾਂ ਅਚਾਨਕ ਬੈਠੇ - ਬੈਠੇ ਮੌਤ ਆ ਜਾਂਦੀ ਹੈ। ਉੱਥੇ ਤਾਂ ਮੌਤ ਦਾ ਨਾਮ ਨਿਸ਼ਾਨ ਨਹੀਂ ਕਿਉਂਕਿ ਆਤਮਾ ਨੂੰ ਤਾਂ ਅਸਲ ਵਿੱਚ ਕਾਲ ਖਾਂਦਾ ਨਹੀਂ। ਕੋਈ ਮਿਠਾਈ ਦੀ ਚੀਜ਼ ਥੋੜ੍ਹੀ ਹੈ। ਡਰਾਮੇ ਅਨੁਸਾਰ ਜਦੋਂ ਸਮਾਂ ਹੁੰਦਾ ਹੈ ਤਾਂ ਆਤਮਾ ਚਲੀ ਜਾਂਦੀ ਹੈ। ਜਿਸ ਵਕ਼ਤ ਜਿਸਨੇ ਜਾਣਾ ਹੁੰਦਾ ਹੈ, ਉਹ ਚਲੇ ਜਾਂਦਾ ਹੈ। ਕਾਲ ਕੋਈ ਫੜ੍ਹਦਾ ਨਹੀਂ ਹੈ। ਆਤਮਾ ਇੱਕ ਸ਼ਰੀਰ ਛੱਡ ਦੂਸਰਾ ਲੈਂਦੀ ਹੈ। ਕਾਲ ਕੁਝ ਵੀ ਨਹੀਂ ਹੈ। ਇਹ ਤਾਂ ਕਥਾਵਾਂ ਬੈਠ ਬਣਾਈਆਂ ਹਨ। ਉਹ ਹੈ ਅਮਰਲੋਕ, ਉੱਥੇ ਨਿਰੋਗੀ ਕਾਇਆ ਰਹਿੰਦੀ ਹੈ। ਸਤਿਯੁਗ ਵਿੱਚ ਭਾਰਤਵਾਸੀਆਂ ਦੀ ਉੱਮਰ ਵੀ ਵੱਡੀ ਸੀ, ਯੋਗੀ ਸਨ। ਯੋਗੀ ਅਤੇ ਭੋਗੀ ਦਾ ਫਰਕ ਵੀ ਹੁਣ ਪਤਾ ਚਲਦਾ ਹੈ। ਤੁਹਾਡੀ ਉੱਮਰ ਵੱਧ ਰਹੀ ਹੈ। ਤੁਸੀਂ ਜਿੰਨਾਂ ਯੋਗ ਵਿੱਚ ਰਹੋਗੇ, ਉਣਾ ਹੀ ਪਾਪ ਭਸਮ ਹੋਣਗੇ ਅਤੇ ਪਦਵੀ ਵੀ ਉੱਚੀ ਮਿਲੇਗੀ, ਉਮਰ ਵੀ ਵੱਡੀ ਹੋਵੇਗੀ। ਜਿਵੇਂ ਰਾਜਾ - ਰਾਣੀ ਉੱਮਰ ਪੂਰੀ ਕਰ ਸ਼ਰੀਰ ਛੱਡਦੇ ਹਨ, ਪ੍ਰਜਾ ਦਾ ਵੀ ਇਵੇਂ ਹੀ ਹੁੰਦਾ ਹੈ। ਪਰ ਪਦਵੀ ਦਾ ਫ਼ਰਕ ਹੈ।

ਹੁਣ ਬਾਪ ਤੁਹਾਨੂੰ ਕਹਿੰਦੇ ਹਨ - ਸਵਦਰਸ਼ਨ ਚੱਕਰਧਾਰੀ ਬੱਚਿਓ, ਇਹ ਅਲੰਕਾਰ ਤੁਹਾਡੇ ਹਨ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਕਮਲਫੁਲ ਵਾਂਗੂ ਤੁਸੀਂ ਰਹਿੰਦੇ ਹੋ। ਸਿਵਾਏ ਤੁਹਾਡੇ ਹੋਰ ਕੋਈ ਰਹਿ ਨਹੀਂ ਸਕਦਾ। ਇਹ ਵੀ ਯਾਦ ਆਈ ਹੈ ਕਿ ਇਸ ਜਨਮ ਵਿੱਚ ਅਸੀਂ ਕਿੰਨੇ ਪਾਪ ਕੀਤੇ ਹਨ ਇਸਲਈ ਬਾਬਾ ਕਹਿੰਦੇ ਹਨ ਉਹ ਸਭ ਅਵਿਨਾਸ਼ੀ ਸਰਜਨ ਦੇ ਅੱਗੇ ਰੱਖੋ ਤਾਂ ਹਲਕੇ ਹੋ ਜਾਵੋਗੇ। ਬਾਕੀ ਜਨਮ - ਜਨਮਾਂਤ੍ਰ ਦੇ ਜੋ ਪਾਪ ਸਿਰ ਤੇ ਹਨ, ਉਸ ਦੇ ਲਈ ਯੋਗ ਵਿੱਚ ਰਹਿਣਾ ਹੈ। ਯੋਗ ਨਾਲ ਹੀ ਪਾਪ ਕੱਟੇ ਜਾਣਗੇ ਅਤੇ ਖੁਸ਼ੀ ਵੀ

ਰਹੇਗੀ। ਬਾਪ ਦੀ ਯਾਦ ਨਾਲ ਸਤੋਪ੍ਰਧਾਨ ਬਣ ਜਾਵਾਂਗੇ। ਪਤਾ ਹੈ ਕਿ ਅਸੀਂ ਯਾਦ ਨਾਲ ਇਹ ਬਣਾਂਗੇ ਤਾਂ ਕੌਣ ਯਾਦ ਨਹੀਂ ਕਰੇਗਾ। ਪ੍ਰੰਤੂ ਇਹ ਯੁੱਧ ਦਾ ਮੈਦਾਨ ਹੈ, ਮਿਹਨਤ ਕਰਨੀ ਪੈਂਦੀ ਹੈ ਇੰਨੀ ਉੱਚ ਪਦਵੀ ਪਾਉਣ ਦੇ ਲਈ। ਇਹ ਵੀ ਬੱਚਿਆਂ ਨੂੰ ਸਮ੍ਰਿਤੀ ਆਈ ਹੈ ਕਿ ਬੇਹੱਦ ਦੇ ਬਾਪ ਤੋਂ ਅਸੀਂ ਉੱਚ ਤੋਂ ਉੱਚ ਵਰਸਾ ਲੈਂਦੇ ਹਾਂ, ਕਲਪ - ਕਲਪ ਲੈਂਦੇ ਹਾਂ। ਤੁਹਾਡੇ ਕੋਲ ਬਹੁਤ ਆਉਣਗੇ, ਆਕੇ ਮਹਾਮੰਤ੍ਰ ਲੈਣਗੇ ਮਨਮਨਾਭਵ ਦਾ। ਮਨਮਨਾਭਵ ਦਾ ਮਤਲਬ ਹੈ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਇਹ ਹੈ ਮਹਾਨ ਮੰਤ੍ਰ, ਮਹਾਨ ਆਤਮਾ ਬਣਨ ਦੇ ਲਈ। ਉਹ ਕੋਈ ਮਹਾਤਮਾ ਹੈ ਨਹੀਂ। ਮਹਾਤਮਾ ਤਾਂ ਅਸਲ ਵਿੱਚ ਸ਼੍ਰੀਕ੍ਰਿਸ਼ਨ ਨੂੰ ਕਿਹਾ ਜਾਂਦਾ ਹੈ ਕਿਉਂਕਿ ਉਹ ਪਵਿੱਤਰ ਹੈ। ਦੇਵਤੇ ਸਦਾ ਪਵਿੱਤਰ ਰਹਿੰਦੇ ਹਨ। ਦੇਵਤਾਵਾਂ ਦਾ ਹੈ ਪ੍ਰਵ੍ਰਿਤੀ ਮਾਰਗ, ਸੰਨਿਆਸੀਆਂ ਦਾ ਹੈ ਨਿਵ੍ਰਤੀ ਮਾਰਗ। ਔਰਤਾਂ ਤਾਂ ਧੱਕੇ ਖਾ ਨਹੀਂ ਸਕਦੀਆਂ। ਇਹ ਸਭ ਹੁਣ ਕਲਯੁਗ ਵਿੱਚ ਖਰਾਬੀਆਂ ਹੋ ਗਈਆਂ ਹਨ। ਔਰਤਾਂ ਨੂੰ ਵੀ ਸੰਨਿਆਸੀ ਬਣਾਕੇ ਲੈ ਜਾਂਦੇ ਹਨ। ਫੇਰ ਵੀ ਉਨ੍ਹਾਂ ਦੀ ਪਵਿੱਤਰਤਾ ਤੇ ਭਾਰਤ ਥਮਿਆ ਰਹਿੰਦਾ ਹੈ। ਜਿਵੇਂ ਪੁਰਾਣੇ ਮਕਾਨ ਨੂੰ ਪੋਚੀ ਆਦਿ ਲਗਾਈ ਜਾਂਦੀ ਹੈ ਤਾਂ ਜਿਵੇਂ ਨਵਾਂ ਬਣ ਜਾਂਦਾ ਹੈ। ਇਹ ਸੰਨਿਆਸੀ ਵੀ ਪੋਚੀ ਦੇ ਕੁਝ ਬਚਾਵ ਕਰਦੇ ਹਨ। ਪ੍ਰੰਤੂ ਬਾਪ ਕਹਿੰਦੇ ਹਨ ਉਹ ਧਰਮ ਹੀ ਵੱਖ ਹੈ, ਪਵਿੱਤਰ ਬਣਦੇ ਹਨ।

ਭਾਰਤ ਖੰਡ ਵਿੱਚ ਹੀ ਇੰਨੇ ਦੇਵੀ - ਦੇਵਤਿਆਂ ਦੇ ਮੰਦਿਰ ਭਗਤੀ ਆਦਿ ਹਨ। ਇਹ ਵੀ ਖੇਡ ਹੈ, ਜਿਸਦਾ ਵਰਤਾਂਤ ਤੁਸੀਂ ਦੱਸਦੇ ਹੋ। ਭਗਤੀ ਮਾਰਗ ਦੇ ਲਈ ਇਹ ਸਭ ਵੀ ਚਾਹੀਦਾ ਹੈ ਨਾ। ਇੱਕ ਸ਼ਿਵ ਦੇ ਹੀ ਕਿੰਨੇ ਨਾਮ ਰੱਖ ਦਿੱਤੇ ਹਨ। ਨਾਮ ਤੇ ਮੰਦਿਰ ਬਣਦਾ ਗਿਆ ਹੈ। ਢੇਰ ਦੇ ਢੇਰ ਮੰਦਿਰ ਹਨ। ਕਿੰਨਾ ਖਰਚਾ ਹੁੰਦਾ ਹੈ। ਮਿਲਦਾ ਫੇਰ ਵੀ ਅਧਾਕਲਪ ਦਾ ਸੁੱਖ ਹੈ। ਬਸ, ਬਹੁਤ ਪੈਸੇ ਲਗਾਉਂਦੇ ਹਨ, ਮੂਰਤੀਆਂ ਟੁੱਟ ਫੁੱਟ ਜਾਂਦੀਆਂ ਹਨ। ਉੱਥੇ ਤਾਂ ਮੰਦਿਰ ਆਦਿ ਦੀ ਲੋੜ ਹੀ ਨਹੀਂ ਹੈ। ਇਹ ਵੀ ਹੁਣ ਸਮ੍ਰਿਤੀ ਆਈ ਹੈ ਕਿ ਅੱਧਾਕਲਪ ਭਗਤੀ ਚਲਦੀ ਹੈ, ਅੱਧਾਕਲਪ ਫੇਰ ਭਗਤੀ ਦਾ ਨਾਮ ਨਹੀਂ। ਬਾਪ ਕਿੰਨੀ ਸਮ੍ਰਿਤੀ ਦਵਾਉਂਦੇ ਹਨ - ਇਸ ਵਰੇਇਟੀ ਝਾੜ ਦੀ। ਸਿਰ੍ਫ ਕਲਯੁਗ ਦੀ ਉੱਮਰ ਹੀ 40 ਹਜ਼ਾਰ ਵਰ੍ਹੇ ਹੋਵੈ ਫੇਰ ਤਾਂ ਕ੍ਰਿਸ਼ਚਨ ਆਦਿ ਦੀ ਉੱਮਰ ਵੀ ਬਹੁਤ ਵੱਧ ਜਾਵੇ। ਬਾਪ ਸਮਝਾਉਂਦੇ ਹਨ ਕ੍ਰਿਸ਼ਚਨ ਧਰਮ ਦੀ ਇਤਨੀ ਹੀ ਲਿਮਿਟ ਹੈ। ਇਹ ਜਾਣਦੇ ਹਨ, ਕ੍ਰਾਇਸਟ ਨੂੰ ਇਨ੍ਹਾਂ ਸਮੇਂ ਹੋਇਆ ਹੈ, ਫਲਾਣੇ ਨੂੰ ਇਨ੍ਹਾਂ ਸਮਾਂ ਹੋਇਆ ਧਰਮ ਸਥਾਪਨ ਕੀਤੇ, ਲੇਕਿਨ ਫੇਰ ਜਾਣਗੇ ਕਦੋਂ? ਇਹ ਨਹੀਂ ਹੈ। ਕਲਪ ਦੀ ਉੱਮਰ ਹੀ ਲੰਬੀ ਕਰ ਦਿੱਤੀ ਹੈ। ਹੁਣ ਤੁਸੀਂ ਜਾਣਦੇ ਹੋ ਇਹ ਵਿਨਾਸ਼ ਦੀਆਂ ਤਿਆਰੀਆਂ ਹੋ ਰਹੀਆਂ ਹਨ। ਉਨ੍ਹਾਂ ਦੀ ਹੈ ਸਾਇੰਸ, ਤੁਹਾਡੀ ਹੈ ਸਾਈਲੈਂਸ। ਤੁਸੀਂ ਜਿਨ੍ਹਾਂ ਸਾਈਲੈਂਸ ਵਿੱਚ ਜਾਵੋਗੇ ਉਨ੍ਹਾਂ ਉਹ ਵਿਨਾਸ਼ ਦੇ ਲਈ ਚੰਗੀਆਂ - ਚੰਗੀਆਂ ਚੀਜਾਂ ਤਿਆਰ ਕਰਦੇ ਰਹਿਣਗੇ। ਦਿਨ - ਪ੍ਰਤੀਦਿਨ ਮਹੀਨ ਚੀਜਾਂ ਬਣਾਉਂਦੇ ਰਹਿਣਗੇ। ਤੁਹਾਨੂੰ ਅੰਦਰ ਵਿੱਚ ਖੁਸ਼ੀ ਹੁੰਦੀ ਹੈ - ਬਾਬਾ ਤਾਂ ਸਾਡੇ ਲਈ ਨਵੀਂ ਦੁਨੀਆਂ ਬਣਾਉਣ ਆਏ ਹਨ। ਤਾਂ ਹੁਣ ਅਸੀਂ ਪੁਰਾਣੀ ਦੁਨੀਆਂ ਵਿੱਚ ਥੋੜ੍ਹੀ ਹੀ ਰਹਾਂਗੇ। ਕਮਾਲ ਹੈ ਬਾਬਾ ਦੀ। ਬਾਬਾ ਤੁਹਾਡੇ ਸ੍ਵਰਗ ਸਥਾਪਨ ਕਰਨ ਦੀ ਤਾਂ ਕਮਾਲ ਹੈ। ਹੁਣ ਤੁਹਾਨੂੰ ਸਾਰੀ ਸਮ੍ਰਿਤੀ ਆਈ ਹੈ। ਉਹ ਤਾਂ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੀ ਨਹੀਂ ਹਨ। ਤੁਸੀਂ ਜਾਣਦੇ ਹੋ। ਤੁਸੀਂ ਕਿੰਨੀ ਰੋਸ਼ਨੀ ਵਿੱਚ ਹੋ। ਮਨੁੱਖ ਤਾਂ ਘੋਰ ਹਨ੍ਹੇਰੇ ਵਿੱਚ ਹਨ। ਫ਼ਰਕ ਹੈ ਨਾ। ਗਿਆਨ ਅੰਜਨ ਸਤਿਗੁਰੂ ਦਿਤਾ ਅਗਿਆਨ ਅੰਧੇਰ ਵਿਨਾਸ਼। ਭਗਤੀ ਵਾਲੇ ਗਿਆਨ ਨੂੰ ਨਹੀ ਜਾਣਦੇ ਹਨ ਹੁਣ ਤੁਸੀਂ ਭਗਤੀ ਨੂੰ ਵੀ ਜਾਣਦੇ ਹੋ ਅਤੇ ਗਿਆਨ ਨੂੰ ਵੀ ਜਾਣਦੇ ਹੋ। ਸਾਰੀ ਸਮ੍ਰਿਤੀ ਆਈ ਹੈ - ਭਗਤੀ ਕਦੋ ਸ਼ੁਰੂ ਹੁੰਦੀ ਹੈ, ਫੇਰ ਕਦੋਂ ਪੂਰੀ ਹੁੰਦੀ ਹੈ। ਬਾਪ ਕਦੋਂ ਗਿਆਨ ਦਿੰਦੇ ਹਨ, ਪੂਰਾ ਕਦੋਂ ਹੋਵੇਗਾ, ਸਭ ਯਾਦ ਹੈ। ਨੰਬਰਵਾਰ ਤਾਂ ਹਨ ਹੀ। ਕਿਸੇਨੂੰ ਬਹੁਤ ਸਮ੍ਰਿਤੀ ਹੈ, ਕਿਸੇ ਨੂੰ ਘੱਟ। ਜਿੰਨ੍ਹਾਂਨੂੰ ਬਹੁਤ ਯਾਦ ਰਹਿੰਦੀ ਹੈ, ਉਹ ਹੀ ਉੱਚ ਪਦਵੀ ਪਾਉਣਗੇ। ਯਾਦ ਰਹੇ ਤਾਂ ਹੋਰਾਂ ਨੂੰ ਵੀ ਸਮਝਾਉਣ। ਵੰਡਰਫੁੱਲ ਸਮ੍ਰਿਤੀ ਹੈ ਨਾ। ਪਹਿਲਾਂ ਤੁਹਾਡੀ ਬੁੱਧੀ ਵਿੱਚ ਕੀ ਸੀ। ਭਗਤੀ, ਜਪ, ਤਪ, ਤੀਰਥ ਕਰਨਾ, ਮੱਥਾ ਟੇਕਣਾ, ਸਾਰੀ ਟਿਪੜ ( ਮੱਥਾ ) ਹੀ ਘਸ ਗਈ ਹੈ। ਭਗਤੀ ਦੀ ਸਮ੍ਰਿਤੀ ਅਤੇ ਗਿਆਨ ਵਿੱਚ ਕਿੰਨਾ ਫ਼ਰਕ ਹੈ। ਤੁਸੀਂ ਹੁਣ ਭਗਤੀ ਨੂੰ ਜਾਣਦੇ ਹੋ ਕਿਉਂਕਿ ਸ਼ੁਰੂ ਤੋਂ ਭਗਤੀ ਕੀਤੀ ਹੈ। ਜਾਣਦੇ ਹੋ ਅਸੀਂ ਪਹਿਲਾਂ - ਪਹਿਲਾਂ ਸ਼ਿਵ ਦੀ ਭਗਤੀ ਕੀਤੀ, ਫੇਰ ਦੇਵਤਾਵਾਂ ਦੀ। ਹੋਰ ਕਿਸੇ ਨੂੰ ਇਹ ਸਮ੍ਰਿਤੀ ਨਹੀਂ ਹੈ। ਤੁਹਾਨੂੰ ਰਚਨਾ ਦੇ ਆਦਿ - ਮੱਧ - ਅੰਤ, ਭਗਤੀ ਆਦਿ ਦੀ ਸਾਰੀ ਸਮ੍ਰਿਤੀ ਹੈ। ਅੱਧਾਕਲਪ ਭਗਤੀ ਕਰਦੇ- ਕਰਦੇ ਡਿੱਗਦੇ ਹੀ ਆਏ ਹੋ।

ਹੁਣ ਤਾਂ ਦੁੱਖ ਦੇ ਪਹਾੜ ਡਿੱਗਣੇ ਹਨ। ਤੁਸੀਂ ਬੱਚਿਆਂ ਨੇ ਪੁਰਸ਼ਾਰਥ ਕਰਨਾ ਹੈ, ਇਹ ਡਿੱਗਣ ਤੋਂ ਪਹਿਲਾਂ ਅਸੀਂ ਯਾਦ ਦੀ ਯਾਤਰਾ ਨਾਲ ਵਿਕਰਮ ਵਿਨਾਸ਼ ਕਰੀਏ। ਸਭਨੂੰ ਤੁਸੀਂ ਇਹ ਹੀ ਸਮਝਾਉਂਦੇ ਹੋ, ਤੁਹਾਡੇ ਕੋਲ ਹਜਾਰਾਂ ਆਉਂਦੇ ਹਨ। ਤੁਸੀਂ ਮਿਹਨਤ ਕਰਦੇ ਹੋ ਭਾਈ - ਭੈਣਾਂ ਨੂੰ ਰਸਤਾ ਦੱਸਣ ਦੀ। ਗਿਆਨ ਅਤੇ ਭਗਤੀ ਦੀ ਸਮ੍ਰਿਤੀ ਆਈ ਹੈ। ਗੋਇਆ ਤੁਸੀਂ ਸਾਰੇ ਡਰਾਮੇ ਨੂੰ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣ ਗਏ ਹੋ। ਜੋ ਜਿਨ੍ਹਾਂ ਚੰਗੀ ਤਰ੍ਹਾਂ ਜਾਣਦੇ ਹਨ ਉਹ ਸਮਝਾ ਵੀ ਸਕਦੇ ਹਨ। ਸਮਝਾਉਣਾ ਤਾਂ ਬੱਚਿਆਂ ਨੇ ਹੀ ਹੈ। ਗਾਇਨ ਵੀ ਹੈ ਸਨ ਸ਼ੋਜ਼ ਫਾਦਰ। ਬਾਪ ਬੱਚਿਆਂ ਨੂੰ ਸਮਝਾਉਣਗੇ, ਬੱਚੇ ਫੇਰ ਦੂਸਰੇ ਭਰਾਵਾਂ ਨੂੰ ਸਮਝਾਉਣਗੇ। ਆਤਮਾਵਾਂ ਨੂੰ ਸਮਝਾਉਂਦੇ ਹੋ ਨਾ। ਭਗਤੀ ਨਾਲੋਂ ਇਹ ਗਿਆਨ ਬਿੱਲਕੁਲ ਨਿਆਰਾ ਹੈ। ਗਾਇਨ ਵੀ ਹੈ ਨਾ - ਇੱਕ ਭਗਵਾਨ ਆਕੇ ਬੱਚਿਆਂ ਨੂੰ ਫਲ ਦਿੰਦੇ ਹਨ। ਇੱਕ ਬਾਪ ਦੇ ਸਭ ਬੱਚੇ ਹਨ। ਬਾਪ ਕਹਿੰਦੇ ਮੈਂ ਸਭ ਬੱਚਿਆਂ ਨੂੰ ਸ਼ਾਂਤੀਧਾਮ, ਸੁੱਖਧਾਮ ਵਿੱਚ ਲੈ ਜਾਂਦਾ ਹਾਂ। ਕਲਪ - ਕਲਪ ਦਾ ਇਹ ਗਿਆਨ ਵੀ ਤੁਹਾਨੂੰ ਹੁਣ ਹੀ ਹੈ, ਉੱਥੇ ਨਹੀਂ ਹੋਵੇਗਾ। ਤੁਸੀਂ ਪਤਿਤ ਬਣਦੇ ਹੋ ਤਾਂ ਪਾਵਨ ਬਣਾਉਣ ਦੇ ਲਈ ਬਾਪ ਤੁਹਾਡੇ ਤੇ ਕਿੰਨੀ ਮਿਹਨਤ ਕਰਦੇ ਹਨ ਇਸ ਲਈ ਗਾਇਨ ਹੈ ਕੁਰਬਾਨ ਜਾਵਾਂ... ਵਾਰੀ ਜਾਵਾਂ... । ਕਿਸ ਤੇ? ਬਾਪ ਤੇ। ਫੇਰ ਬਾਪ ਮਿਸਾਲ ਦਿੰਦੇ ਹਨ - ਇਹ ( ਬ੍ਰਹਮਾ ) ਕੁਰਬਾਨ ਕਿਵੇਂ ਗਿਆ। ਫਾਲੋ ਇਸ ਸੈਂਪਲ ਨੂੰ ਕਰੋ। ਇਹ ਹੀ ਫੇਰ ਲਕਸ਼ਮੀ - ਨਾਰਾਇਣ ਬਣਦੇ ਹਨ। ਜੇਕਰ ਇਨ੍ਹਾਂ ਉੱਚ ਪਦ ਪਾਉਣਾ ਹੈ ਤਾਂ ਇਸ ਤਰ੍ਹਾਂ ਕੁਰਬਾਨ ਜਾਣਾ ਹੈ। ਸ਼ਾਹੂਕਾਰ ਕਦੇ ਕੁਰਬਾਨ ਹੋ ਨਹੀਂ ਸਕਦੇ। ਇੱਥੇ ਤਾਂ

ਸਵਾਹਾ ਕਰਨਾ ਪਵੇ। ਸਾਹੂਕਾਰ ਨੂੰ ਸਮ੍ਰਿਤੀ ਜ਼ਰੂਰ ਆਵੇਗੀ। ਗਾਇਨ ਵੀ ਹੈ ਨਾ ਅੰਤਕਾਲ ਜੋ ਇਸਤ੍ਰੀ ਸਿਮਰੇ... ਇਤਨੇ ਸਭ ਪੈਸੇ ਕੀ ਕਰਣਗੇ। ਕੋਈ ਲਵੇਗਾ ਹੀ ਨਹੀਂ ਕਿਉਂਕਿ ਸਭ ਖ਼ਤਮ ਹੋ ਜਾਨੇ ਹਨ। ਮੈਂ ਵੀ ਲੈ ਕੇ ਕੀ ਕਰਾਂਗਾ। ਸ਼ਰੀਰ ਸਮੇਤ ਸਭ ਕੁਝ ਸਵਾਹਾ ਹੋਣਾ ਹੈ। ਆਪ ਮੂਏ ਮਰ ਗਈ ਦੁਨੀਆਂ। ਇਹ ਧਨ ਆਦਿ ਕੁਝ ਵੀ ਨਹੀਂ ਰਹੇਗਾ। ਬਾਕੀ ਗਰੁੜ ਪੁਰਾਣ ਆਦਿ ਵਿੱਚ ਰੋਚਕ ਗੱਲਾਂ ਲਿਖ ਦਿੱਤੀਆਂ ਹਨ ਡਰਾਉਣ ਦੇ ਲਈ।

ਬਾਪ ਕਹਿੰਦੇ ਹਨ ਇਹ ਸ਼ਾਸਤਰ ਆਦਿ ਹਨ ਭਗਤੀ ਮਾਰਗ ਦੇ। ਅੱਧਾਕਲਪ ਭਗਤੀ ਮਾਰਗ ਚਲਦਾ ਹੈ। ਜਦੋਂਕਿ ਰਾਵਣਰਾਜ ਹੁੰਦਾ ਹੈ। ਕਿਸੇ ਤੋਂ ਪੁੱਛੋ ਰਾਵਣ ਕਦੋਂ ਤੋਂ ਸਾੜਦੇ ਹੋ? ਤਾਂ ਕਹਿਣਗੇ ਪਰੰਪਰਾ ਨਾਲ ਅਰੇ ਪਰੰਪਰਾ ਨਾਲ ਤਾਂ ਰਾਵਣ ਹੁੰਦਾ ਹੀ ਨਹੀਂ। ਪਤਾ ਹੀ ਨਹੀ ਹੈ ਤਾਂ ਕਹਿ ਦਿੰਦੇ ਹਨ ਪਰੰਪਰਾ ਨਾਲ। ਤੁਹਾਨੂੰ ਬੱਚਿਆਂ ਨੂੰ ਹੁਣ ਯਾਦ ਆਈ ਹੈ - ਰਾਵਣ ਰਾਜ ਕਦੋਂ ਤੋਂ ਸ਼ੁਰੂ ਹੁੰਦਾ ਹੈ। ਰਚਤਾ, ਰਚਨਾ ਦਾ ਰਾਜ ਵੀ ਤੁਸੀਂ ਸਮਝਦੇ ਹੋ। ਹੁਣ ਬਾਪ ਕਹਿੰਦੇ ਹਨ - ਬੱਚੇ, ਮਾਮੇਕਮ ਯਾਦ ਕਰੋ ਤਾਂ ਪਾਪ ਕੱਟਣ। ਇੱਕ - ਦੋ ਨੂੰ ਇਹ ਹੀ ਸਾਵਧਾਨੀ ਦਿੰਦੇ ਰਹੋ। ਘੁੰਮਣ - ਫਿਰਨ ਆਪਸ ਵਿੱਚ ਜਾਵੋ ਤਾਂ ਵੀ ਇਹ ਹੀ ਗੱਲਾਂ ਕਰੋ। ਸਾਰਾ ਝੁੰਡ ਤੁਹਾਡਾ ਇਸ ਯਾਦ ਦੀ ਅਵਸਥਾ ਵਿੱਚ ਚੱਕਰ ਲਗਾਏ ਤਾਂ ਤੁਹਾਡੀ ਸ਼ਾਂਤੀ ਦਾ ਅਸਰ ਬਹੁਤ ਪਵੇਗਾ। ਪਾਦਰੀ ਲੋਕ ਵੀ ਬਹੁਤ ਸਾਈਲੈਂਸ ਵਿੱਚ ਜਾਂਦੇ ਹਨ, ਕ੍ਰਾਈਸਟ ਦੀ ਯਾਦ ਵਿੱਚ। ਕਿਸੇ ਪਾਸੇ ਵੇਖਦੇ ਵੀ ਨਹੀਂ ਹਨ। ਤੁਸੀਂ ਤਾਂ ਇੱਥੇ ਬਹੁਤ ਯਾਦ ਵਿੱਚ ਰਹਿ ਸਕਦੇ ਹੋ, ਕੋਈ ਗੋਰਖਧੰਧਾ ਨਹੀਂ ਹੈ। ਬਹੁਤ ਚੰਗਾ ਵਾਯੂਮੰਡਲ ਹੈ। ਬਾਹਰ ਵਿਚ ਤਾਂ ਬਹੁਤ ਛੀ - ਛੀ ਵਾਯੂਮੰਡਲ ਰਹਿੰਦਾ ਹੈ ਇਸ ਲਈ ਸੰਨਿਆਸੀਆਂ ਦੇ ਆਸ਼ਰਮ ਵੀ ਬਹੁਤ ਦੂਰ - ਦੂਰ ਹੁੰਦੇ ਹਨ। ਤੁਹਾਡਾ ਤਾਂ ਹੈ ਹੀ ਬੇਹੱਦ ਦਾ ਸੰਨਿਆਸ। ਪੁਰਾਣੀ ਦੁਨੀਆਂ ਹੁਣ ਗਈ ਕੇ ਗਈ। ਇਹ ਕਬ੍ਰਿਸਤਾਨ ਹੈ ਫੇਰ ਪਰਿਸਤਾਨ ਹੋਣਾ ਹੈ। ਉੱਥੇ ਹੀਰੇ - ਜਵਾਹਰਾਤਾਂ ਦੇ ਮਹਿਲ ਬਣਨਗੇ। ਇਹ ਲਕਸ਼ਮੀ ਨਾਰਾਇਣ ਪਰਿਸਤਾਨ ਦੇ ਮਾਲਿਕ ਸਨ ਨਾ। ਹੁਣ ਨਹੀਂ ਹਨ। ਬਾਪ ਕਹਿੰਦੇ ਹਨ ਮੈਂ ਕਲਪ - ਕਲਪ, ਕਲਪ ਦੇ ਸੰਗਮਯੁਗੇ ਆਉਂਦਾ ਹਾਂ। ਇਹ ਸਾਰਾ ਚੱਕਰ ਰਪੀਟ ਹੁੰਦਾ ਹੀ ਰਹਿੰਦਾ ਹੈ। ਇਸ ਸਮੇਂ ਤੁਹਾਨੂੰ ਸਭ ਸਮ੍ਰਿਤੀ ਆਈ ਹੈ, ਜਦਕਿ ਬਾਪ ਨੇ ਸਮ੍ਰਿਤੀ ਦਵਾਈ ਹੈ। ਪਹਿਲੋਂ ਕੁਝ ਵੀ ਬੁੱਧੀ ਵਿੱਚ ਨਹੀਂ ਸੀ। ਇਸ ਸਮ੍ਰਿਤੀ ਦੇ ਨਸ਼ੇ ਵਿੱਚ ਜਦੋਂ ਰਹੋਗੇ ਤਾਂ ਕਿਸੇ ਨੂੰ ਉਸ ਖੁਸ਼ੀ ਨਾਲ ਸਮਝਾ ਵੀ ਸਕਾਂਗੇ। ਸਮ੍ਰਿਤੀ ਵਿੱਚ ਰਹਿੰਦਿਆਂ ਤੁਹਾਨੂੰ ਘਰ - ਬਾਰ ਸੰਭਾਲਣਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਡਰਾਮੇ ਦੇ ਆਦਿ - ਮੱਧ - ਅੰਤ ਨੂੰ ਚੰਗੀ ਤਰ੍ਹਾਂ ਸਮਝ, ਯਾਦ ਵਿੱਚ ਰੱਖ ਕੇ ਦੂਸਰਿਆਂ ਨੂੰ ਵੀ ਸਮ੍ਰਿਤੀ ਦਵਾਉਣੀ ਹੈ। ਗਿਆਨ ਅੰਜਨ ( ਗਿਆਨ ਦਾ ਸੁਰਮਾ ) ਦੇਕੇ ਅਗਿਆਨ ਹਨ੍ਹੇਰੇ ਨੂੰ ਦੂਰ ਕਰਨਾ ਹੈ।

2. ਬ੍ਰਹਮਾ ਬਾਪ ਵਾਂਗੂ ਕੁਰਬਾਨ ਹੋਣ ਵਿੱਚ ਪੂਰਾ ਫਾਲੋ ਕਰਨਾ ਹੈ। ਸ਼ਰੀਰ ਸਹਿਤ ਸਭ ਖ਼ਤਮ ਹੋ ਜਾਣਾ ਹੈ ਇਸ ਲਈ ਇਸ ਤੋਂ ਪਹਿਲਾਂ ਹੀ ਜਿਉਂਦੇ ਜੀ ਮਰਨਾ ਹੈ। ਤਾਂਕਿ ਅੰਤ ਸਮੇਂ ਵਿੱਚ ਕੁਝ ਵੀ ਯਾਦ ਨਾ ਆਵੇ।

ਵਰਦਾਨ:- ਵਿਸ਼ੇਸ਼ਤਾ ਦੇ ਸੰਸਕਾਰਾਂ ਨੂੰ ਨੇਚਰੁਲ ਬਣਾਏ ਸਾਧਾਰਨਤਾ ਸਮਾਪਤ ਕਰਨ ਵਾਲੇ ਮਰਜੀਵਾ ਭਵ

ਜੋ ਨੇਚਰ ਹੁੰਦੀ ਹੈ ਉਹ ਖੁਦ ਆਪਣਾ ਕੰਮ ਕਰਦੀ ਹੈ, ਸੋਚਣਾ, ਬਣਨਾ ਜਾਂ ਕਰਨਾ ਨਹੀਂ ਪੈਂਦਾ ਹੈ ਪਰ ਖੁਦ ਹੋ ਜਾਂਦਾ ਹੈ। ਇਵੇਂ ਮਰਜੀਵਾ ਜਨਮਧਾਰੀ ਬ੍ਰਾਹਮਣਾਂ ਦੀ ਨੇਚਰ ਹੈ ਵਿਸ਼ੇਸ਼ ਆਤਮਾ ਦੇ ਵਿਸ਼ੇਸ਼ਤਾ ਦੀ। ਇਹ ਵਿਸ਼ੇਸਤਾ ਦੇ ਸੰਸਕਾਰਾਂ ਨੇਚਰੁਲ ਨੇਚਰ ਬਣ ਜਾਏ ਅਤੇ ਹਰ ਇਕ ਦੇ ਦਿਲ ਤੋਂ ਨਿਕਲੇ ਕਿ ਮੇਰੀ ਇਹ ਨੇਚਰ ਹੈ। ਸਾਧਾਰਨਤਾ ਪਾਸਟ ਦੀ ਨੇਚਰ ਹੈ, ਹੁਣ ਦੀ ਨਹੀਂ ਕਿਉਂਕਿ ਨਵਾਂ ਜਨਮ ਲਿਆ। ਤਾਂ ਨਵੇਂ ਜਨਮਾਂ ਦੀ ਨੇਚਰ ਵਿਸ਼ੇਸ਼ਤਾ ਹੈ ਸਾਧਾਰਣਤਾ ਨਹੀਂ।

ਸਲੋਗਨ:- ਰਾਇਲ ਉਹ ਹੈ ਜੋ ਸਦਾ ਗਿਆਨ ਰਤਨਾਂ ਨਾਲ ਖੇਲ੍ਹਦੇ, ਪੱਥਰਾਂ ਨਾਲ ਨਹੀਂ।

******